ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।
(S.S.S. Board, Punjab)
ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵਲੋਂ ਇਸ਼ਤਿਹਾਰ ਨੰ: 07 ਆਫ 2016 ਰਾਹੀਂ ਪ੍ਰਕਾਸ਼ਿਤ ਮੱਛੀ ਪਾਲਣ ਅਫਸਰ ਦੀਆਂ ਆਸਾਮੀਆਂ ਦਾ ਲਿਖਤੀ ਟੈਸਟ ਮਿਤੀ 29.09.2018 ਨੂੰ ਅਤੇ ਇਸ਼ਤਿਹਾਰ ਨੰ: 07 ਆਫ 2015 ਰਾਹੀਂ ਪ੍ਰਕਾਸ਼ਿਤ ਕੰਪਿਊਟਰ ਅਪਰੇਟਰ, ਕੰਪਿਊਟਰ ਟੀਚਰ ਅਤੇ ਵੀਡੀਉ ਕਾਨਫਰਾਂਸਿੰਗ ਅਪਰੇਟਰ ਦੀਆਂ ਆਸਾਮੀਆਂ ਦੀ ਭਰਤੀ ਲਈ ਲਿਖਤੀ ਟੈਸਟ ਮਿਤੀ 30.09.2018 ਨੂੰ ਲਿਆ ਗਿਆ ਸੀ। ਇਨ੍ਹਾਂ ਲਿਖਤੀ ਟੈਸਟਾਂ ਦੀ 'Provisional Answer Keys' ਬੋਰਡ ਦੀ ਵੈਬਸਾਈਟ www.punjabsssb.gov.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਲਿਖਤੀ ਟੈਸਟਾਂ ਵਿੱਚ ਅਪੀਅਰ ਹੋਣ ਵਾਲੇ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਉਮੀਦਵਾਰ ਨੂੰ ਕਿਸੇ ਪ੍ਰਸ਼ਨ/ਉੱਤਰ ਸਬੰਧੀ ਕੋਈ ਇਤਰਾਜ ਹੈ ਤਾਂ ਉਹ 100/- ਰੁਪਏ ਪ੍ਰਤੀ ਪ੍ਰਸ਼ਨ ਦੇ ਹਿਸਾਬ ਨਾਲ ਡਿਮਾਂਡ ਡਰਾਫਟ Secretary, SSS Board, Punjab, Mohali ਦੇ ਨਾਮ ਤੇ ਭੇਜਦੇ ਹੋਏ ਆਪਣੇ ਇਤਰਾਜ ਮਿਤੀ 03.10.2018 ਨੂੰ ਸ਼ਾਮ 5.00 ਵਜੇ ਤੱਕ ਬੋਰਡ ਦੀ ਉਕਤ ਵੈਬਸਾਈਟ ਤੇ ਦਿੱਤੇ ਲਿੰਕ ਤੇ ਜਾ ਕੇ ਦਰਜ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਉਮੀਦਵਾਰ ਆਪਣੀ ਪ੍ਰਤੀਬੇਨਤੀ ਅਤੇ ਅਸਲ ਡਿਮਾਂਡ ਡਰਾਫਟ ਬੋਰਡ ਦਫਤਰ ਵਿਖੇ ਖੁਦ ਜਾਂ ਡਾਕ ਰਾਹੀਂ ਜਮ੍ਹਾਂ ਕਰਵਾਉਣਾ ਯਕੀਨੀ ਬਨਾਉਣਗੇ। ਉਕਤ ਮਿਤੀਆਂ ਦੌਰਾਨ ਪ੍ਰਾਪਤ ਹੋਣ ਵਾਲੇ ਇਤਰਾਜਾਂ ਦਾ ਨਿਪਟਾਰਾ ਕਰਦੇ ਹੋਏ 'Final Answer Key' ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰਨ ਉਪਰੰਤ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇਗਾ।

ਮਿਤੀ: 01.10.2018

ਸਹੀ/-
ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

Scanned by CamScanner